# 'ਧੀਆਂ ਨੂੰ ਕਤਲ ਕੀਤੇ ਜਾਣ ਵਿਰੁਧ ਇਕਜੁਟਤਾ ਵਿਖਾਉਣ ਔਰਤਾਂ'

ਨਵੀਂ ਦਿੱਲੀ, 3 ਅਗੱਸਤ (ਸਖਰਾਜ ਸਿੰਘ): ਰਜਿੰਦਰ ਨਗਰ ਵਿਧਾਨ ਸਭਾ ਦੇ ਹਲਕਾ ਨੰਬਰ 102-ਐਨ ਸਥਿਤ ਜਾਨਕੀ ਦੇਵੀ ਮੈਮੋਰੀਅਲ ਕਾਲਜ ਦੇ ਆਡੀਟੋਰੀਅਮ 'ਚ ਕਾਲਜ ਦਾ ਸਥਾਪਨਾ ਦਿਵਸ ਦੱਖਣੀ ਦਿੱਲੀ ਦੀ

## ■ ਹਰ ਨਾਗਰਿਕ ਸਾਫ਼-ਸਫ਼ਾਈ ਨੂੰ ਅਪਣੀ ਜੀਵਨਸ਼ੈਲੀ 'ਚ ਲਾਜ਼ਮੀ ਕਰੇ : ਮੀਨਾਸ਼ੀ ਲੇਖੀ

ਸਾਂਸਦ ਸ੍ਰੀਮਤੀ ਮੀਨਾਸ਼ੀ ਲੇਖੀ ਅਤੇ ਹਲਕੇ ਦੇ ਕੌਂਸਲਰ ਪਰਮਜੀਤ ਸਿੰਘ ਰਾਣਾ ਦੀ ਮੌਜੂਦਗੀ 'ਚ ਪੂਰੇ ਉਤਸ਼ਾਹ ਨਾਲ ਕਾਲਜ ਮੈਨੇਜਮੈਂਟ ਅਤੇ ਵਿਦਿਆਰਥਣਾਂ ਨੇ ਮਨਾਇਆ। ਇਸ ਮੌਕੇ ਕਾਲਜ ਪ੍ਰਿੰਸੀਪਲ ਜਵਾਤੀ ਪਾਲ ਨੇ ਸਮਾਰੋਹ 'ਚ ਸ਼ਾਮਲ ਹੋਈ ਸਾਂਸਦ



ਕੌਂਸਲਰ ਪਰਮਜੀਤ ਸਿੰਘ ਰਾਣਾ ਨੂੰ ਸਨਮਾਨ ਦਿੰਦੇ ਹੋਏ ਕਾਲਜ ਦੇ ਪ੍ਰਿੰਸੀਪਲ ਜਵਾਤੀ ਪਾਲ।

ਮੀਨਾਸ਼ੀ ਲੇਖੀ ਅਤੇ ਕੌਂਸਲਰ ਪਰਮਜੀਤ ਸਿੰਘ ਰਾਣਾ ਨੂੰ ਫੁੱਲਾਂ ਦਾ ਗੁਲਦਸਤਾ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਉਨ੍ਹਾਂ ਦਾ ਸੁਆਗਤ ਕੀਤਾ।

ਇਸ ਮੌਕੇ ਸਾਂਸਦ ਮੀਨਾਸ਼ੀ ਲੇਖੀ ਨੇ ਕਾਲਜ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਸਵੱਛਤਾ ਅਭਿਆਨ ਨਾਲ ਜੁੜਨ ਅਤੇ ਸਾਫ਼-ਸਫ਼ਾਈ ਨੂੰ ਆਪਣੀ ਜੀਵਨਸ਼ੈਲੀ 'ਚ ਲਾਜ਼ਮੀ ਕਰਨ ਦੀ ਅਪੀਲ ਕੀਤੀ ਅਤੇ ਕਾਲਜ 'ਚ ਸਾਂਸਦ ਫੰਡ ਤੋਂ ਛੇਤੀ ਹੀ "ਓਪਨ ਜਿਮ" ਖੁੱਲ੍ਹਵਾਉਣ ਦਾ ਐਲਾਨ ਵੀ ਕੀਤਾ। ਇਸ ਮੌਕੇ ਕੌਂਸਲਰ ਪਰਮਜੀਤ ਸਿੰਘ ਰਾਣਾ ਨੇ ਕਿਹਾ ਕਿ ਉਹ ਮਾਂ ਕਿੰਝ ਗਲਤ ਹੋ ਸਕਦੀ ਹੈ ਜਿਸ ਦੀ ਕੁੱਖ ਤੋਂ ਰਾਜੇ-ਮਹਾਰਾਜਿਆਂ ਤਕ ਨੇ ਜਨਮ ਲਿਆ ਹੋਵੇ। ਅੱਜ ਦੇਸ਼ 'ਚ ਸਿੱਖਿਆ, ਵਿਗਿਆਨ, ਖੇਡਕੂਦ ਤੋਂ ਇਲਾਵਾ ਲਗਭਗ ਹਰ ਖੇਤਰ 'ਚ ਔਰਤਾਂ ਆਪਣੀ ਕਾਰਜਸ਼ੈਲੀ ਦੀ ਬਦੌਲਤ ਆਪਣਾ ਤੇ ਦੇਸ਼ ਦਾ ਨਾਂਅ ਰੌਸ਼ਨ ਕਰ ਰਹੀਆਂ ਹਨ, ਅਜਿਹੇ 'ਚ ਸਾਡੇ ਲਈ ਸਭ ਤੋਂ ਵੱਡਾ ਕਲੰਕ ਇਸੇ ਦੇਸ਼ ਵਿਚ ਕੁੱਖ 'ਚ ਧੀਆਂ ਦਾ ਕਤਲ ਹੋਣਾ ਹੈ। ਇਸ ਕਲੰਕ ਨੂੰ ਖ਼ਤਮ ਕਰਨ ਲਈ ਖ਼ੁਦ ਔਰਤਾਂ ਨੂੰ ਜਾਗਰੂਕ ਹੋਣਾ ਪਵੇਗਾ ਤੇ ਅਜਿਹਾ ਹੋਣ 'ਤੇ ਹੀ ਇਸ ਦੇਸ਼ ਦੀ ਅਸਲ ਮਾਇਨੇ 'ਚ ਤਰੱਕੀ ਹੋਵੇਗੀ।